ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।

(ਪ੍ਰਮੋਸ਼ਨ ਸੈੱਲ)

ਵੱਲ-

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ)/(ਐਸਿ)

ਪੰਜਾਬ।

ਪੱਤਰ ਨੰਬਰ – (ਈ-1047075/2026)/(ਪੀ-3)/202633724

ਮਿਤੀ, ਐਸ.ਏ.ਐਸ.ਨਗਰ- 06.02.2026/07.02.2026

ਵਿਸ਼ਾ- ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਲਈ Punjab State Teacher Eligibility Test ਲਾਜਮੀ ਹੋਣ ਸਬੰਧੀ।

1.0 ਉਪੋਰਕਤ ਵਿਸ਼ੇ ਸਬੰਧੀ ਇਸ ਦਫ਼ਤਰ ਵੱਲੋਂ ਮੀਮੋ ਨੰਬਰ 19/23-16 ਅ-4 (5) ਮਿਤੀ 14.09.2017 ਰਾਹੀਂ RTE Act 2009 ਤਹਿਤ NCTE ਦੇ ਨੋਟੀਫਿਕੇਸ਼ਨ ਦੀ ਮਿਤੀ 23.08.2010 ਅਤੇ ਪਹਿਲੇ PSTET ਦੇ ਘੋਸ਼ਿਤ ਕਰਨ ਦੀ ਮਿਤੀ 30.07.2011 ਤੋਂ ਬਾਅਦ ਸੇਵਾ ਵਿੱਚ ਆਏ ਕਰਮਚਾਰੀਆਂ ਨੂੰ PSTET ਪਾਸ ਕਰਨ ਤੋਂ ਛੋਟ ਦਿੱਤੀ ਗਈ ਸੀ।

2.0 ਮਾਨਯੋਗ ਸੁਪਰੀਮ ਕੋਰਟ ਵੱਲੋਂ ANJUMAN -E- ISHAT V/s State of Maharashtra and Others ਵਿੱਚ ਦਿੱਤੇ ਗਏ ਫੈਸਲੇ / ਮਿਤੀ 01.09.2025 ਅਨੁਸਾਰ ਮਾਸਟਰ ਕਾਡਰ ਦੀਆਂ ਨਿਯੁਕਤੀਆਂ / ਪਦ-ਉੱਨਤੀਆਂ ਲਈ PSTET-2 ਪਾਸ ਕਰਨਾ ਲਾਜਮੀ ਕਰਾਰ ਦਿੱਤਾ ਗਿਆ ਹੈ। ਮਾਨਯੋਗ ਸੁਪਰੀਮ ਕੋਰਟ ਦੇ ਇਸ ਫੈਸਲੇ ਦੇ ਆਧਾਰ ਤੇ ਇਸ ਦਫ਼ਤਰ ਵੱਲੋਂ ਜਾਰੀ ਪੱਤਰ / ਮੀਮੋ ਨੰਬਰ 19/23-16 ਅ-4 (5) ਮਿਤੀ 14.09.2017 ਰੱਦ ਕੀਤਾ ਜਾਂਦਾ ਹੈ।

3.0 ਉਕਤ ਤੋਂ ਇਲਾਵਾ, ਮਾਨਯੋਗ ਸੁਪਰੀਮ ਕੋਰਟ ਦੇ ਉਕਤ ਵਰਣਿਤ ਫੈਸਲੇ ਦੇ ਆਧਾਰ ਤੇ ਇਹ ਵੀ ਲਿਖਿਆ ਜਾਂਦਾ ਹੈ ਕਿ ਜੋ ਕਰਮਚਾਰੀ ਮਾਸਟਰ ਕਾਡਰ ਵਿੱਚ ਪਦ-ਉੱਨਤੀ ਉਪਰੰਤ ਸੇਵਾ ਨਿਭਾ ਰਹੇ ਹਨ ਅਤੇ ਉਨਾਂ ਦੀ ਬਕਾਇਆ ਸੇਵਾ 5 ਸਾਲ ਤੋਂ ਵੱਧ ਹੈ, ਜੇਕਰ ਉਨਾਂ ਵੱਲੋਂ ਹੁਣ ਤੱਕ PSTET-2 ਪਾਸ ਨਹੀਂ ਕੀਤਾ ਗਿਆ ਹੈ, ਉਹ 2 ਸਾਲਾਂ ਦੇ ਅੰਦਰ PSTET-2 ਪਾਸ ਕਰਨਗੇ । ਅਜਿਹਾ ਨਾ ਕਰਨ ਦੀ ਸੂਰਤ ਵਿੱਚ ਵਿਭਾਗ ਵੱਲੋਂ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਅਗਲੇਰੀ ਕਾਰਵਾਈ ਅਮਲ ਵਿੱਚ ਲਿਆ ਦਿੱਤੀ ਜਾਵੇਗੀ। ਇਸ ਦੇ ਨਾਲ ਇਹ ਵੀ ਫੈਸਲਾ ਲਿਆ ਗਿਆ ਹੈ ਕਿ, ਕਿਉਂਜੋ ਵਿਭਾਗ ਵੱਲੋਂ ਸਾਲ 2025 ਦੌਰਾਨ PSTET-2 ਨਹੀਂ ਲਿਆ ਗਿਆ, ਇਸ ਲਈ ਜੋ ਕਰਮਚਾਰੀ ਮਿਤੀ 12.11.2025, 24.12.2025, 04.01.2026 ਅਤੇ 05.01.2026 ਦੇ ਹੁਕਮਾਂ ਅਧੀਨ ਪਦ-ਉੱਨਤੀ ਕੀਤੇ ਗਏ ਹਨ ਅਤੇ ਸੇਵਾ ਮੁਕਤ ਹੋ ਚੁੱਕੇ ਹਨ, ਉਨਾਂ ਨੂੰ PSTET-2 ਪਾਸ ਕਰਨ ਦੀ ਲੋੜ ਨਹੀਂ ਹੈ।

06/02/26

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ।

**ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ**

ਪਿਠਅੰਕਣ ਨੰ: ਅ-1/1( )2026/ 962 ਮਿਤੀ 09.02.2026

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਜਿਲਾ ਬਠਿੰਡਾ ਨੂੰ ਸੂਚਨਾ ਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਜਿਲਾ ਸਿਖਿਆ ਅਫਸਰ (ਸੈ ਸਿ)

ਬਠਿੰਡਾ